# ਦਫਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,(ਮਾਈਕਰੋਸਾਫਟਬਿਲਡਿੰਗ),ਫੇਜ਼-3ਬੀ1, ਐਸ.ਏ.ਐਸ ਨਗਰ
(ਵੈਬਸਾਈਟ www.educationrecruitmentboard.com)

ਨੰ 1/75 .2018 RD(5) ਮਿਤੀ :- 12-10-18

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮੈਰੀਟੋਰੀਅਸ ਲੈਕਚਰਾਰ ਬਾਇਓਲੋਜੀ (17), ਕਮਿਸਟਰੀ (38), ਕਾਮਰਸ (19), ਇਕਨਾਮਿਕਸ (1), ਅੰਗਰੇਜੀ (15), ਹਿਸਟਰੀ (1), ਫਿਜ਼ਿਕਸ (32), ਗਣਿਤ (19), ਪੋਲ. ਸਾਇੰਸ (1), ਪੰਜਾਬੀ (14) ਵਿਸ਼ਿਆਂ ਦੀਆਂ ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 27-06-2018 ਨੂੰ ਯੋਗ ਉਮੀਦਵਾਰਾਂ ਪਾਸੋਂ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ। ਮਿਤੀ 11-8-2018 ਅਤੇ 12-8-2018 ਨੂੰ ਇਹਨਾਂ ਅਸਾਮੀਆਂ ਲਈ ਲਿਖਤੀ ਟੈਸਟ ਲਿਆ ਗਿਆ ਸੀ। ਮਿਤੀ 24-8-2018 ਨੂੰ ਲਿਖਤੀ ਟੈਸਟ ਦਾ ਨਤੀਜਾ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰ ਦਿੱਤਾ ਗਿਆ ਸੀ। ਸਾਰੇ ਵਿਸ਼ਿਆਂ ਦੇ ਲਿਖਤੀ ਟੈਸਟ ਵਿੱਚੋਂ ਹਾਇਰ ਮੈਰਿਟ ਤੇ ਆਉਣ ਵਾਲੇ ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ, ਫੇਜ਼ 3 ਬੀ-1 (ਮਾਈਕਰੋਸਾਫਟ ਬਿਲਡਿੰਗ) ਸ.ਅ.ਸ. ਨਗਰ ਵਿਖੇ ਮਿਤੀ 29-8-2018 ਤੇ ਗੈਰ-ਹਾਜ਼ਰ ਉਮੀਦਵਾਰਾਂ ਨੂੰ ਮਿਤੀ 16-9-2018 ਨੂੰ ਬੁਲਾਇਆ ਗਿਆ ਸੀ। ਕੁੱਝ ਉਮੀਦਵਾਰਾਂ ਦੇ ਕੇਸ ਲੋੜੀਂਦੇ ਦਸਤਾਵੇਜਾਂ ਦੀ ਘਾਟ ਕਾਰਨ Withheld ਕੀਤੇ ਗਏ ਹਨ ਜੋ ਕਿ ਵਿਭਾਗ ਦੀ ਵੈੱਬਸਾਈਟ www.educationrecruitmentboard.com ਤੇ ਅਪਲੋਡ ਕਰ ਦਿੱਤੇ ਗਏ ਹਨ। Withheld ਹੋਏ ਉਮੀਦਵਾਰਾਂ ਦੇ ਲਗਾਏ ਇਤਰਾਜ਼ਾ ਨੂੰ ਦੂਰ ਕਰਨ ਸਬੰਧੀ ਲੋੜੀਂਦੇ ਦਸਤਾਵੇਜ਼ ਮਿਤੀ 26.10.18 ਤੱਕ ਇਸ ਦਫਤਰ ਨੂੰ ਉਪਲੱਬਧ ਕਰਵਾਏ ਜਾਣ ਤਾਂ ਜੋ Withheld ਹੋਏ ਉਮੀਦਵਾਰਾਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ। ਜੇਕਰ ਉਮੀਦਵਾਰ ਆਪਣੀਆਂ ਲੋੜੀਂਦੇ ਦਸਤਾਵੇਜ਼ ਮਿੱਥੇ ਸਮੇਂ ਅੰਦਰ ਇਸ ਦਫਤਰ ਵਿਖੇ ਉਪਲੱਬਧ ਨਹੀਂ ਕਰਵਾਉਂਦੇ ਤਾਂ ਉਨ੍ਹਾਂ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

12/10/18
ਡਿਪਟੀ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।